# ਕਾਰਜਕਾਰੀ ਸਾਰਅੰਸ਼

1. **ਭੂਮਿਕਾ:-**

ਭਾਰਤ ਸਰਕਾਰ ਵਲੋਂ ਪੰਜਾਬ ਰਾਜ ਵਿੱਚ ਰਾਜ ਮਾਰਗਾਂ, ਮੁੱਖ ਜਿਲ੍ਹਾ ਮਾਰਗਾਂ ਅਤੇ ਹੋਰ ਜਿਲ੍ਹਾਂ ਸੜਕਾਂ ਦੀ ਹਾਲਤ ਵਿੱਚ ਸੁਧਾਰ ਕਰਨ ਅਤੇ ਰੀ-ਹੈਬਲੀਟੇਸ਼ਨ ਲਈ ਵਿਸ਼ਵ ਬੈਂਕ ਕੋਲੋਂ ਮੱਦਦ ਲਈ ਪਹੁੰਚ ਕੀਤੀ ਗਈ। ਰਾਜ ਦੇ ਲੋਕ ਨਿਰਮਾਣ ਵਿਪਾਗ ਵਲੋਂ ਸੜਕਾਂ ਦੀ ਐਸ. ਓ.ਐਸ. ਸਟੱਡੀ ਕਰਵਾਕੇ ਰਾਜ ਮਾਰਗਾਂ, ਮੁੱਖ ਜਿਲ੍ਹਾ ਮਾਰਗਾਂ ਅਤੇ ਹੋਰ ਜਿਲ੍ਹਾ ਸੜਕਾਂ ਵਿਚੋਂ 1698 ਕਿ.ਮੀ. ਸੜਕਾਂ ਦੀ ਨਿਸ਼ਾਨਦੇਹੀ ਕੀਤੀ ਗਈ। ਇਸ ਐਸ.ਓ.ਐਸ. ਸਟਡੀ ਵਿੱਚ ਲਈਆਂ ਗਈਆਂ ਸੜਕਾਂ ਦੀ ਚੋੜਾਈ ਸੜਕ ਦੀ ਹਾਲਤ, ਟ੍ਰੈਫਿਕ ਦੀ ਘਣਤਾ ਦੀ ਪਹੁੰਚ ਨੂੰ ਮੁੱਖ ਰਖਦੇ ਹੋਏ ਇਹ ਸਟੱਡੀ ਕੀਤੀ ਗਈ।

ਸੜਕ ਸੁਧਾਰ ਦੇ ਕੰਮਾਂਦੀ ਨਵੀ ਯੋਜਨਾਂਵਾ ਬਣਾਉਣ ਸਮੇਂ ਉਹਨਾਂ ਨੂੰ ਚੌੜਾ ਕਰਨ ਦਾ ਸਮਾਜਿਕ ਪ੍ਰਭਾਵ ਹੋਵੇਗਾ ਭੌਂ ਗ੍ਰਹਿਣ ਕਰਨੀ, ਵੱਧ ਮੱਲੀਆਂ ਹੋਈਆਂ ਥਾਵਾਂ ਤੋਂ ਲੋਕਾਂ ਨੂੰ ਕੱਢਣਾ ਪ੍ਰਾਜੈਕਟ ਪ੍ਰਭਾਵਿਤ ਵਿਅਕਤੀਆਂ (ਪੀ. ਏ. ਪੀਜ਼) ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਆਰਥਿਕ ਨੁਕਸਾਨ ਵੀ ਹੋਵੇਗਾ ।ਇਸਲਈ ਜਰੂਰੀ ਹੈ ਕਿ ਉਹਨ੍ਹਾਂ ਨੂੰ ਹੋਣ ਵਾਲਾ ਨੁਕਸਾਨ ਅਤੇ ਹਰਜਾਨਾ ਇਸ ਪ੍ਰਾਜੈਕਟ ਦੇ ਪਹਿਲੇ ਪੜਾਅ ਤੇ ਉਚਿਤ ਯੋਜਨਾਂ ਰਾਹੀਂ ਘੱਟ ਤੋਂ ਘੱਟ ਹੋਣਾ ਚਾਹੀਦਾ ਹੈ। ਉਪਰੋਕਤ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ,ਇਕ ਸਮਾਜਿਕ ਆਰਥਿਕ ਆਧਾਰੀ ਸਰਵੇ ਦਾ ਸੰਚਾਲਨ ਕੀਤਾ ਗਿਆ ਜਿਸ ਵਿਚ ਸੜਕਾਂ ਨੂੰ ਚੌੜਾ ਕਰਨ ਕਰਕੇ ਵਿਅਕਤੀਆਂ ਤੇ ਅਸਰ , ਲੋਕਾਂ ਅਤੇ ਸਮੁਦਾਏ ਤੇ ਪ੍ਰਾਜੈਕਟ ਦਾ ਅਸਰ ਅਤੇ ਉਨ੍ਹਾਂ ਦੇ ਮਾੜੇ ਪੈਂਦੇ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਕਰਨ ਦਾ ਯਤਨ ਅਤੇ ਉਜਾੜੇ ਮਾਰੇ ਲੋਕਾਂ ਦੀ ਰੋਜਾਨਾਂ ਜਿੰਦਗੀ ਨੂੰ ਸੁਨਿਸਚਿਤ ਕਰਨ ਲਈ ਇਕ ਮੁੜ ਵਸੇਬਾ ਕਾਰਜ ਯੋਜਨਾਂ ਤਿਆਰ ਕਰਨ ਦੀ ਜਰੂਰਤ ਹੈ। ਇਹ ਦਸਤਾਵੇਜ ਪੀ ਐਸ ਆਰ ਐਸ ਪੀ ਦੁਆਰਾ ਪ੍ਰਭਾਵਿਤ ਪਰਿਵਾਰਾਂ ਦੇ ਵਿਵਰਣ ਨੂੰ ਉਪਬੰਧਤ ਕਰਨ ਲਈ ਅਤੇ ਸਮਾਜਿਕ ਆਰਥਿਕ ਸਰਵੇ ਤੇ ਅਧਾਰਿਤ ਉਨਾਂ ਦੀ ਰੋਜਾਨਾ ਜਿੰਦਗੀ ਨੂੰ ਮੁੜ ਮੁਨਾਸਿਬ ਤੌਰ ਤੇ ਬਸਾਉਣ ਦੀ ਜਰੂਰਤ ਹੈ । ਜਿਸ ਵਿਚ ਇਸ ਪ੍ਰਾਜੈਕਟ ਨੂੰ ਅਮਲ ਵਿਚ ਲਿਆਉਣ ਦੇ ਦੌਰਾਨ ਭਿੰਨ-ਭਿੰਨ ਕਾਰਵਾਈਆਂ ਕਰਕੇ ਲੋਕਾਂ ਅਤੇ ਉਸ ਖੇਤਰ ਦੇ ਮਾੜੇ ਪ੍ਰਭਾਵ ਨੂੰ ਘੱਟ ਤੋਂ ਘੱਟ ਕਰਨਾ ਹੈ।

2 **ਤਰੀਕਾ**

ਇਹ ਅਧਿਅਨ ਸਮਾਜਿਕ-ਆਰਥਿਕ ਜਨਗਣਨਾਂਵਾਂ ਦੇ ਸਰਵੇ ਰਾਹੀ ਮੁੱਢਲੇ ਤੌਰ ਤੇ ਅੰਕੜੇ ਇਕੱਠੇ ਕਰਨਾ ( ਸਵਾਲ, ਜਵਾਬ ਅਤੇ ਸਮਾਜਿਕ-ਆਰਥਿਕ ਜਨਗਣਨਾ ਦੇ ਨਾਲ ਲੱਗੇ ਹੋਣਗੇ) ਅਤੇ ਇਨ੍ਹਾਂ ਨੂੰ ਸਥਾਨਕ ਪੈਂਡੂਆਂ ਅਤੇ ਹੋਰ ਪ੍ਰਭਾਵਿਤ ਵਿਅਕਤੀਆਂ ਅਤੇ ਪ੍ਰਾਜੈਕਟ ਪ੍ਰਭਾਵਿਤ ਵਿਅਕਤੀਆਂ ਦੇ ਮਸਵਰੇ ਅਤੇ ਵਿਚਾਰ ਵਟਾਂਦਰੇ ਰਾਹੀਂ ਹੀ ਅਮਲ ਵਿਚ ਲਿਆਂਦਾ ਜਾਵੇਗਾ। ਇਸ ਦੀ ਸ਼ਨਾਖਤ ਤਸਦੀਕਸ਼ੁਦਾ ਜਨਗਣਨਾ ਦੇ ਨਾਲ ਪ੍ਰਭਾਵਿਤ ਹੋਣ ਵਾਲੀਆਂ ਭੌਂ ਅਤੇ ਇਮਾਰਤਾਂ ਨੂੰ ਵੀ ਵਿਚਾਰਿਆ ਜਾਵੇਗਾ ਇਸ ਵਿਚ ਉਸੇ ਇਮਾਰਤ ਦੇ ਮਾਲਕ ਜਾਂ ਕਾਬਜ ਬਾਬਤ ਵੇਰਵੇ ਅਤੇ ਉਨ੍ਹਾਂ ਦੀ ਵਰਤੋਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ । ਇਹ ਜਾਣਕਾਰੀ ਇਕੱਠੀ ਕਰਨ ਲਈ ਸਰਵੇ ਵਿਚ ਪਹਿਲਾਂ ਹੀ ਤਿਆਰ ਕੀਤੇ ਤਰੀਕੇ ਦੀ ਵਰਤੋਂ ਕੀਤੀ ਜਾਵੇਗੀ ਪਰ ਸਰਵੇ ਦੇ ਦੌਰਾਨ ਜੇਕਰ ਵੱਡੇ ਪੱਧਰ ਤੇ ਭੌਂ ਮਾਲਿਕ ਉਪਲਬਧ ਨਹੀਂ ਹੋਣਗੇ ਤਾਂ ਉਨ੍ਹਾਂ ਦੇ ਨਾਲ ਵਾਲੇ ਗਵਾਂਢੀਆਂ ਜਾਂ ਬੱਚਿਆਂ ਤੋਂ ਜਾਣਕਾਰੀ ਇਕੱਠੀ ਕੀਤੀ ਜਾਵੇਗੀ ਪਰੰਤੂ ਉਨ੍ਹਾਂ ਘਰਾਂ ਦੀ ਅਜਿਹੀ ਸਮਾਜ-ਆਰਥਿਕ ਜਾਣਕਾਰੀ ਵਿਸਥਾਰ ਪ੍ਰਰਵਕ ਇੱਕਠੀ

ਨਹੀਂ ਹੋ ਸਕੇਗੀ। ਇਸ ਤੋਂ ਇਲਾਵਾ, ਅਨੁਸੂਚੀ ਤਰੀਕਾ ਅਤੇ ਜਾਣਕਾਰੀ ਇਕੱਠੀ ਕਰਨ ਅਤੇ ਅਧਿਐਨ ਕਰਨ ਲਈ ਕੁਝ ਹੇਠ ਲਿਖੇ ਅਹਿਮ ਤਰੀਕੇ ਵਰਤੇ ਜਾਣਗੇ:-

1. ਫੋਕਸ ਗਰੁੱਪ ਵਿਚਾਰ ਵਟਾਂਦਰਾ।
2. ਕੇਸ ਅਧਿਐਨ।
3. ਮੁੱਖ ਇਤਲਾਹ ਦੇਣ ਵਾਲੀ ਇੰਟਰਵਿਊ।
4. ਦਿਹਾਤੀ ਭਾਈਵਾਲਤਾ ਮੁਲਕਾਂਕਣ ਤਰੀਕਾ (ਪੀ.ਆਰ.ਏ.)

ਜਾਣਕਾਰੀ, ਜਨਗਣਨਾ ਅੰਕੜੇ, ਜਨਗਣਨਾ ਪੁਸਤਕਾਂ, ਭੌਂ ਰਿਕਾਰਡ, ਮਾਲ ਵਿਭਾਗ ਤੋਂ ਭੌਂ ਦੇ ਵੇਚਣ ਵਾਲੇ ਅੰਕੜੇ, ਲੋਕ ਨਿਰਮਾਣ ਦਾ ਦਫਤਰ ਆਦਿ ਤੋਂ ਵੀ ਇਕੱਠੀ ਕੀਤੀ ਗਈ ਹੈ।

## 3. <u>ਪ੍ਰਾਜੈਕਟ ਦੇ ਵੇਰਵੇ</u>

ਇਸ ਪ੍ਰਾਜੈਕਟ ਦੀਆਂ ਸੜਕਾਂ ਮੁੱਖ ਤੌਰ ਤੇ ਪੰਜਾਬ ਦੇ ਦੱਖਣੀ-ਪੂਰਬੀ ਜਿਲ੍ਹਿਆਂ ਦੇ ਵੱਡੇ ਸ਼ਹਿਰਾਂ ਪਟਿਆਲਾ, ਮਲੇਰਕੋਟਲਾ ਅਤੇ ਲੁਧਿਆਣੇ ਨੂੰ ਜੋੜਦੀਆਂ ਹਨ । ਇਸ ਪ੍ਰਾਜੈਕਟ ਦੀਆਂ ਚਾਰ ਵੱਖੋਂ ਵੱਖਰੀਆਂ ਕੜੀਆਂ ਹਨ ਅਰਥਾਤ:-

(1) ਪਟਿਆਲਾ-ਸਰਹਿੰਦ, ਐਮ.ਡੀ.ਆਰ. 31, (2) ਖਰੜ-ਲਾਡਰਾਂ-ਬਨੂੜ-ਤੇਪਲਾ,ਓ. ਆਰ. ਡੀ.-4--, (3) ਫਿਲੌਰ -ਨਗਰ, ਓ.ਡੀ.ਆਰ.-5 ਅਤੇ (4) ਲੁਧਿਆਣਾ-ਅਹਿਮਦਗੜ੍ਹ-ਮਲੇਰਕੋਟਲਾ, ਐਸ.ਐਚ.-2 ਨਾਲ ਜੁੜਨਗੀਆਂ ।

ਇਸ ਪ੍ਰਾਜੈਕਟ ਦੀਆਂ ਕੁਲ 115 ਕਿਲੋਮੀਟਰ ਸੜਕਾਂ ਜੋ ਹੇਠ ਲਿਖੀ ਸਾਰਣੀ ਵਿਚ ਅਤੇ ਪ੍ਰਾਜੈਕਟ ਦੇ ਸਥਾਨ ਨਕਸੇ ਦੇ ਅੰਕੜੇ 1.1 (ਅਗਲੇ ਪੰਨੇ ) ਵਿਚ ਦਰਸਾਏ ਗਏ ਹਨ।

ਇਹ ਪ੍ਰਾਜੈਕਟ ਸੜਕਾਂ 6 ਜਿਲ੍ਹਿਆਂ ਦੇ ਵੱਖੋ-ਵੱਖਰੇ ਪਿੰਡਾਂ ਅਤੇ ਸ਼ਹਿਰਾਂ ਵਿਚ ਦੀ ਜਿਵੇਂ ਕਿ ਪਟਿਆਲਾ, ਫਤਿਹਗੜ੍ਹ ਸਾਹਿਬ, ਰੂਪ ਨਗਰ, ਸੰਗਰੂਰ, ਲੁਧਿਆਣਾ ਜ਼ਿਲਿਆਂ ਵਿਚੋਂ ਦੀ ਲੰਘਣਗੀਆਂ। ਖਰੜ-ਬਨੂੜ-ਤੇਪਲਾ ਅਤੇ ਫਿਲੌਰ-ਨਗਰ ਦੋ ਸੜਕਾਂ ਤੇ ਉਚਿਤ ROW ਹੈ। ਦੋ ਸੜਕਾਂ ਲੁਧਿਆਣ-ਮਲੇਰਕੋਟਲਾ ਅਤੇ ਪਟਿਆਲਾ-ਸਰਹਿੰਦ ਸੜਕ ਤੇ ROW 11ਮੀਟਰ ਤੋਂ ਲੈ ਕੇ 55 ਮੀਟਰ ਵਿਚਕਾਰ ਹੈ।

| ਪੀ ਐਸ ਆਰ ਐਸ ਪਾ੍ਜੈਕਟ ਦਾ ਹਿੱਸਾ ਹਨ (ਲਾਘੇ ਦਾ ਨਾ) | ਸੜਕ ਕੀ ਲੰਬਾਈ (ਕਿਲੋਮੀਟਰਾਂ ਵਿਚ) | ਜਿਲ੍ਹਿਆਂ ਦੀ ਗਿਣਤੀਜਿਨ੍ਹਾਂ ਰਾਹੀਂ ਸੜਕ ਲੰਘਦੀ ਹੈ | ਸੜਕ ਦੇ ਨਾਲ ਆਰ. ਓ. ਡਬਲਿਊ. ਰੇਂਜ (ਮੀਟਰਾਂ) |
|---|---|---|---|
| ਖਰੜ-ਬਨੂੜ-ਤੇਪਲਾ | 37 | ਰੂਪ ਨਗਰ,ਪਟਿਆਲਾ | 18-27 |
| ਲੁਧਿਆਣਾ-ਮਲੇਰਕੋਟਲਾ | 4● | ਲੁਧਿਆਣਾ/ਸੰਗਰੂਰ | 19-44 |
| ਫਿਲੌਰ-ਨਗਰ | 6 | ਜਲੰਧਰ | 11-15 |
| ਪਟਿਆਲਾ-ਸਰਹਿੰਦ | 3● | ਪਟਿਆਲਾ ਅਤੇ ਫਤਿਹਗੜ੍ਹ ਸਾਹਿਬ | 12-3● |
| ●4 | 115 | ●6 | |

4. **ਪੁਨਰ ਸਥਾਪਨ ਨੂੰ ਘੱਟ ਤੋਂ ਘੱਟ ਕਰਨ ਦੀ ਕੋਸਿਸ਼**

ਇੰਜੀਨੀਅਰਿੰਗ ਡੀਜਾਇਨ ਕਰਦੇ ਸਮੇਂ ਸਮਾਜ-ਆਰਥਿਕ ਬੁਰੇ ਪ੍ਰਭਵਾਂ ਨੂੰ ਘੱਟ ਕਰਨਾ, ਮੁੱਢਲੇ ਤੌਰ ਤੇ ਜਰੂਰੀ ਹੋਵੇਗਾ ਕਿ ਇਸ ਨੂੰ ਤਕਨੀਕੀ ਲੋੜਾਂ, ਕੀਮਤਾਂ ਦੇ ਪ੍ਰਭਾਵੀ ਹੋਣਾ ਅਤੇ ਫਾਇਦਿਆਂ ਦੇ ਵਾਧੇ ਦੀ ਸੀਮਾਂ ਦੇ ਅੰਦਰ ਵੇਖਿਆ ਜਾਵੇਗਾ। ਜਿਥੇ ਜਨ-ਸੰਖਿਆ ਜਿਆਦਾ ਹੈ ਅਤੇ ਸੜਕ ਸੰਘਣੀ ਹੈ ਉਥੇ ਡਿਜਾਇਨ ਨੂੰ ਬਦਲਿਆ ਵੀ ਗਿਆ ਹੈ। ਲੋਕਾਂਉਤੇ ਪੈਂਦੇ ਪ੍ਰਭਾਵ ਨੂੰ ਘੱਟ ਕਰਨ ਲਈ ਕਿਸੇ ਕਿਸੇ ਥਾਂ ਤੇ ਬਾਈ-ਪਾਸ ਵੀ ਬਣਾਏ ਜਾ ਸਕਦੇ ਹਨ।

5. **ਪ੍ਰਾਜੈਕਟ ਪ੍ਰਭਾਵਿਤ ਵਿਅਕਤੀਆਂ ਉਤੇ ਪ੍ਰਾਜੈਕਟ ਨਾਲ ਪੈਣ ਵਾਲੇ ਪ੍ਰਭਾਵ ਦੀ ਕਿਸਮ**

ਤਜਵੀਜ ਕੀਤੇ ਪ੍ਰਾਜੈਕਟ ਦਾ ਲੋਕਾਂ ਤੇ ਕਈ ਕਿਸਮ ਦਾ ਪ੍ਰਭਾਵ ਪੈ ਸਕਦਾ ਹੈ ਜਿਨ੍ਹਾਂ ਵਿਚੋ ਕੁਝ ਪ੍ਰਭਾਵ ਸਿੱਧੇ ਹੋਣਗੇ ਅਤੇ ਕੁਝ ਪ੍ਰਭਾਵ ਅਸਿੱਧੇ ਹੋਣਗੇ ਐਪਰ ਲੋਕਾਂ ਉੱਤੇ ਸਿੱਧੇ ਨੁਕਸਾਨ ਇਸ ਪ੍ਰਕਾਰ ਦੇ ਹੋਣਗੇ :

ਰਿਹਾਇਸ਼ੀ ਇਮਾਰਤਾ ਦਾ ਨੁਕਸਾਨ, ਵਪਾਰਕ ਦੁਕਾਨਾਂ ਦਾ ਨੁਕਸਾਨ, ਖੇਤੀਯੋਗ ਭੂਮੀ ਦਾ ਨੁਕਸਾਨ, ਫਲਾਂ ਵਾਲੇ ਅਤੇ ਬਿਨਾ ਫਲਾਂ ਵਾਲੇ ਦਰਖਤਾ ਦਾ ਅਤੇ ਸਾਂਝੀਆਂ ਸੰਪਤੀਆਂ ਦਾ ਨੁਕਸਾਨ । ਬਿਲਕੁਲ ਇਸੇ ਤਰ੍ਹਾਂ ਭੌਂ ਨੂੰ ਗ੍ਰਹਿਣ ਕਰਨ ਅਤੇ ਸਿੱਟੇ ਵੱਜੋਂ ਸੜਕਾਂ ਨੂੰ ਚੋੜਿਆਂ ਕਰਨ ਤੇ ਲੋਕਾਂ ਉਤੇ ਅਸਿੱਧੇ ਪ੍ਰਭਾਵ ਪੈਣਗੇ ਦੁਕਾਨਾ ਢਾਉਣ ਅਤੇ ਭੌਂ ਪ੍ਰਾਪਤੀ ਕਰਨ ਨਾਲ ਇਨ੍ਹਾਂ ਵਿਚੋਂ ਕੁਝ ਰੁਜਗਾਰ ਦੇ ਮੌਕੇ ਅਤੇ ਉਪਜੀਵਕਾ ਦਾ ਵੀ ਨੁਕਸਾਨ ਹੋਵੇਗਾ। ਜਿਹਨਾਂ ਨੂੰ ਨੁਕਸਾਨ ਹੋਵੇਗਾ, ਉਹਨਾਂ ਨੂੰ ਢਾਂਚੇ ਜਾਂ ਜਮੀਨ ਦੇ ਮੁਆਵਜੇ ਤੋਂ ਇਲਾਵਾ ਉਨ੍ਹਾਂ ਨੂੰ ਆਰ ਅਤੇ ਆਰ ਮੱਦਦ ਵੀ ਦਿੱਤੀ ਜਾਵੇਗੀ। ਇਸ ਲਈ ਸੜਕਾਂ ਨੂੰ ਚੋੜਾ ਕਰਨ ਅਤੇ ਤਜਵੀਜ ਕੀਤਾ ਠੀਕ ਕਰਨ ਵਾਲਾ ਪ੍ਰਾਜੈਕਟ ਲੋਕਾਂ ਦੀ ਬਹੁਗਿਣਤੀ ਨੂੰ ਪ੍ਰਭਾਵਿਤ ਕਰੇਗਾ ਅਤੇ ਇਸ ਲਈ ਮੁੜ ਵਸੇਬਾ,ਕਾਰਜ ਯੋਜਨਾ ਜਰੂਰੀ ਹੈ ਅਤੇ ਇਸ ਨੂੰ ਉਚਿਤ ਤੌਰ ਤੇ ਅਮਲ ਵਿਚ ਲਿਆਉਣਾ ਵੀ ਜਰੂਰੀ ਹੈ।

6. **ਘਰੇਲੂ ਮਕਾਨਾਂ ਦੇ ਨੁਕਸਾਨ**

ਚਾਰ ਵੱਡੇ ਸੜਕ ਪ੍ਰਾਜੈਕਟਾਂ ਨੂੰ ਸ਼ੁਰੂ ਕਰਨ ਸਮੇਂ ਕੁਲ 287 ਇਮਾਰਤਾਂ ਗ੍ਰਹਿਣ ਕਰਨੀ ਪੇਣਗੀਆਂ। ਉਨ੍ਹਾਂ ਇਮਾਰਤਾਂ ਨੂੰ ਵੱਖੋ-ਵੱਖਰੀਆਂ ਸੜਕਾਂ ਦੁਆਰਾ ਹੋਣ ਵਾਲੇ ਨੁਕਸਾਨ ਦਾ ਵੇਰਵਾ ਹੇਠਾ ਦਿੱਤਾਗਿਆ ਹੈ ਪਰੰਤੂ ਇਸ ਦਾ ਵਿਸਲੇਸ਼ਨ ਇਹ ਕਥਨ ਕਰਦਾ ਹੈ ਕਿ ਗ੍ਰਹਿਣ ਕੀਤੀਆਂ ਜਾਣ ਵਾਲੀਆਂ ਕੁਲ ਇਮਾਰਤਾਂ ਵਿਚੋਂ 83.97% ਗੈਰ ਕਾਨੂੰਨੀ ਢੰਗ ਨਾਲ ਦੱਬੀ ਹੋਈ ਜਮੀਨ ਤੇ ਹਨ ਅਤੇ 16.●3% ਇਮਾਰਤਾਂ ਜਾਂ ਤਾਂ ਨਿੱਜੀ ਤੌਰ ਤੇ ਹੱਕਦਾਰ ਜਮੀਨ ਤੇ ਹਨ ਜਾਂ ਉਹ ਸਾਂਝੀਆਂ ਇਮਾਰਤਾਂ ਹਨ। ਘਰੇਲੂ ਘਰਾਂ ਵਿਚ ਬਹੁਤੇ ਘਰ ਪੱਕੇ ਹਨ ਜਦੋਂ ਕਿ ਵਪਾਰਿਕ ਇਮਾਰਤਾਂ ਵਿਚੋਂ ਬਹੁਤੀਆਂ ਇਮਾਰਤਾ ਕੱਚੀਆਂ ਹਨ:-

| ਪੀ ਐਸ ਆਰ ਐਸ ਪ੍ਰਾਜੈਕਟ ਦਾ ਹਿੱਸਾ ਹਨ (ਲਾਘੇ ਦਾ ਨਾਂ) | ਘਰੇਲੂ ਮਕਾਨਾਂ ਦੀ ਸੰਖਿਆ (ਪ੍ਰਭਾਵਿਤ ਹੋਣਗੇ) | | |
|---|---|---|---|
| | ਕੁਲ | ਆਯੋਗ ਕਬਜਾ ਕੀਤੀ ਭੋਂ | ਗੈਰ ਕਬਜਾ ਕੀਤੀ ਭੋਂ |
| ਪਟਿਆਲਾ-ਸਰਹਿੰਦ | ●●6 | ●●6 | ------- |
| ਖਰੜ-ਬਨੂੜ-ਤੇਪਲਾ | 137 | 122 | 15 |
| ਲੁਧਿਆਣਾ-ਮਲੇਰਕੋਟਲਾ | 122 | ●93 | 29 |
| ਫਿਲੌਰ-ਨਗਰ | ●22 | ●2● | ●2 |
| ●4 | 287 | 241 | 46 |

## 7. ਪ੍ਰਾਜੈਕਟ ਪ੍ਰਭਾਵਿਤ ਵਿਅਕਤੀਆਂ (ਪੀ.ਏ. ਪੀਜ਼) ਉਨ੍ਹਾਂ ਦਾ ਖਾਕਾ ( ਪ੍ਰੋਫਾਇਲ)

ਪਰਿਵਾਰਕ ਸਮੂਹਾਂ ਸਮਾਜਿਕ ਆਰਥਿਕ ਸਰਵੇਖਣ ਦੇ ਅਨੁਸਾਰ ਸੜਕ ਪ੍ਰਾਜੈਕਟ ਕਾਰਣ 671 ਪਰਿਵਾਰ ਸਮੂਹ ਪ੍ਰਭਾਵਿਤ ਹੋਣਗੇ। ਵਿਸਲੇਸ਼ਣ ਸਾਰਣੀ ਅੱਗੇ ਇਹ ਦਰਸਾਉਂਦੀ ਹੈ ਕਿ 89● ਪਰਿਵਾਰ ਪ੍ਰਾਜੈਕਟ ਪ੍ਰਭਾਵਿਤ ਹੋਣਗੇ।ਇਸੇ ਤਰ੍ਹਾਂ ਪੀ ਏ ਐਫ ਸਾਰਣੀ ਅੱਗੇ ਦਰਸਾਉਂਦੀ ਹੈ ਕਿ ਪ੍ਰਾਜੈਕਟ ਪ੍ਰਭਾਵਿਤ ਵਿਅਕਤੀਆਂ (ਪੀ.ਏ. ਪੀਜ਼) ਦੀ ਕੁੱਲ ਸੰਖਿਆ 3977 ਹੋ ਜਾਵੇਗੀ। ਇਸ ਸਰਵੇਖਣ ਅਨੁਸਾਰ ਪ੍ਰਾਜੈਕਟ ਤੋਂ ਪ੍ਰਭਾਵਿਤ ਪਰਿਵਾਰ, ਜਿਨ੍ਹਾਂ ਦੇ ਢਾਂਚੇ ਨੂੰ ਨੁਕਸਾਨ ਪਹੁੰਚੇਗਾ ਜਿਆਦਾਤਰ ਉੱਚ ਸ਼੍ਰੇਣੀ ਨਾਲ ਸਬੰਧਿਤ, ਪੜ੍ਹੇ ਲਿਖੇ ਅਤੇ ਆਪਣੇ ਜੀਵਨ ਨਿਰਬਾਹ ਲਈ ਵਿਉਪਾਰ ਤੇ ਨਿਰਭਰ ਹਨ। ਘੱਟ ਆਮਦਨ ਵਾਲੇ ਲੋਕਾਂ ਨੂੰ ਆਰ ਐਂਡ ਆਰ ਪਾਲਿਸੀ ਵਿਚ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ । ਇਹ ਵਿਸ਼ਲੇਸ਼ਣ ਸਿਰਫ ਸੀ.ਓ.ਆਈ. ਤੱਕ ਹੀ ਸੀਮਤ ਹੈ।

| ਸੂਚਨਾ ਦਾ ਮੁਖੀ | ਪੀ ਐਸ ਆਰ ਐਸ ਪੀ ਅਧੀਨ ਸੜਕਾਂ ਦੇ ਨਾਂ | | | | ਕੁਲ |
|---|---|---|---|---|---|
| | ਕੇ ਬੀ ਟੀ | ਐਲ ਐਮ | ਪੀ ਐਨ | ਪੀ ਐਸ | |
| ਪ੍ਰਾਜੈਕਟ ਪ੍ਰਭਾਵਿਤ ਵਿਅਕਤੀ (ਪੀ ਏ ਪੀਜ਼) | 1627 | 2143 | ●161 | ●●46 | 3977 |
| ਪ੍ਰਾਜੈਕਟ ਪ੍ਰਭਾਵਿਤ ਪ੍ਰਵਾਰਿਕ ਸਮੂਹ | 271 | 366 | 28 | ●6 | 671 |
| ਪ੍ਰਾਜੈਕਟ ਪ੍ਰਭਾਵਿਤ ਪਰਿਵਾਰ (ਪੀ ਏ ਐਫਸ) | ●362 | ●476 | ●●36 | ●●16 | ●89● |

## 8. ਬੁਰੇ ਪ੍ਰਭਾਵਾਂ ਨੂੰ ਸੰਬੋਧਨ ਕਰਨ ਲਈ ਪਾਲਿਸੀ ਅਤੇ ਕਾਨੂੰਨੀ ਵਿਵਸਥਾ

ਪੰਜਾਬ ਸਰਕਾਰ ਅਣਇਛਤ ਅਦਲ-ਬਦਲ (ਥਾਂ ਪੂਰਤੀ) ਅਤੇ ਸੰਪਤੀ ਦੇ ਨੁਕਸਾਨ ਦੇ ਨਾਲੋ ਨਾਲ ਨਿਰਬਾਹ ਦੇ ਮੁੱਦਿਆਂ ਨੂੰ ਸੰਬੋਧਿਤ ਕਰਨ ਲਈ ਪਤਾ ਲਗਾ ਰਹੀ ਹੈ ਕਿ ਪ੍ਰਾਜੈਕਟ ਨੂੰ ਲਾਗੂ ਕਰਨ ਦੇ ਸਮੇਂ ਇਸ ਦੇ ਆਪਣੇ ਪੁਨਰ-ਵਿਵਸਥਾ ਅਤੇ ਮੁੜ ਵਸੇਬਾ (ਆਰ ਅਤੇ ਆਰ) ਪਾਲੀਸੀ ਬਣਾਈ ਹੈ। ਪੀ ਏ ਐਫਸ ਲਈ ਅਧਿਕਾਰ ਵਿਵਸਥਾ ਪੰਜਾਬ ਰਾਜ ਸੜਕਾਂ ਪ੍ਰਾਜੈਕਟ ਲਈ ਆਰ ਐਂਡ ਆਰ ਪਾਲਸੀ ਦੇ ਆਧਾਰ ਤੇ ਤਿਆਰ ਕੀਤਾ ਗਿਆ ਹੈ । ਪਾਲਿਸੀ ਅਧੀਨ ਹਟਾਏ ਗਏ ਵਿਅਕਤੀਆਂ ਦੇ ਢਾਂਚਿਆਂ ਦੇ ਨੁਕਸਾਨ ਲਈ ਗੈਰ ਧਾਰਕ ਸਮੇਤ,ਉਨ੍ਹਾਂ ਲਈ ਜਿਹੜੇ ਬੀ ਪੀ ਐਲ ਨਾਲ ਸਬੰਧਤ ਹੋਣ ਜਾਂ (ਜਿਵੇਂ ਕਿ ਅਨੁਸੂਚਿਤ ਜਾਤੀ) ਨੂੰ ਵਾਧੂ ਸਹਾਇਤਾ ਅਦਾ ਕਰਨ ਦਾ ਉਪਬੰਧ ਹੈ ਅਤੇ ਸੰਪਤੀ ਭੌਂਅ ਦੇ ਹੋਏਨੁਕਸਾਨ ਦਾ ਮੁਆਵਜਾ ਗੱਲਬਾਤ ਰਾਂਹੀ ਤੈਅ ਕਰਨਾ ਵੀ ਸ਼ਾਮਿਲ ਹੈ। ਇਸ ਦੇ ਇਲਾਵਾ ਪਾਲਿਸੀ ਬਿਲਕੁਲ ਸਾਫ ਦੱਸਦੀ ਹੈ ਕਿ ਸਾਰੀਆਂ ਅਦਾਇਗੀਆਂ (ਮੁਆਵਜੇ ਐਤ ਆਰ ਆਰ ਸਹਾਇਤਾ ) ਅਜਿਹੀ ਭੌਂ ਦਾ ਕਬਜਾ ਲੈਣ ਤੋਂ ਪਹਿਲਾਂ ਪ੍ਰਭਾਵਿਤ ਵਿਅਕਤੀਆਂ ਨੂੰ ਦਿੱਤੀਆਂ ਜਾਣਗੀਆਂ । ਆਰਜੀ ਭੱਤਾ, ਤਬਾਦਲਾ ਭੱਤਾ, ਪ੍ਰਭਾਵਿਤ ਵਿਅਕਤੀਆਂ ਲਈ ਨਿਪੁੰਨਤਾ ਨੂੰ ਊਪਰ ਚੁੱਕਣਾ । ਸਿਖਲਾਈ ਦੇਣਾ, ਖੜੀ ਫਸਲ ਦੇ ਨੁਕਸਾਨ ਲਈ ਸਹਾਇਤਾ , ਹਟਾਏ ਗਏ ਵਿਅਕਤੀਆਂ ਦੇ ਮੁੜ ਵਸੇਬੇ ਦੀ ਇੱਛਾ, ਭਾਵੇਂ ਮੁੜ-ਵਸਾਊ ਕਲੋਨੀ ਵਿਚ ਜਾਂ ਖੁੱਦ ਦੁਬਾਰਾ ਆਦਿ ਨੂੰ ਪਾਲਿਸੀ ਵਿਚ ਉਚਿਤ ਸਮੇਂ ਵਿਚਕਾਰ ਨਿਰਬਾਹ ਦੀ ਪੂਰਤੀ ਨੂੰ ਯਕੀਨੀ ਬਣਾਉਣ ਲਈ ਉਪਬੰਧਤ ਕੀਤਾ ਗਿਆ ਹੈ । ਆਰ ਆਰ ਪਾਲਿਸੀਤੋਂ ਇਲਾਵਾ ਸੜਕ

ਪ੍ਰਾਜੈਕਟ ਜਿਨ੍ਹਾਂ ਵਿਚ ਪ੍ਰਭਾਵਿਤ ਵਿਅਕਤੀਆਂ ਨੂੰ ਕਵਰ ਕੀਤਾ ਗਿਆ ਹੈ ਪੀ ਐਸ ਆਰ ਐਸ ਪੀ ਦੇ ਪ੍ਰਸੰਗ ਵਿਚ ਹੇਠ ਲਿਖੇ ਐਕਟਾਂ ਦੀ ਸੰਖਿਆ ਵਿਚ ਕਵਰ ਕੀਤਾ ਗਿਆ ਹੈ ਅਤੇ ਉਹ ਢੁੱਕਵੇਂ ਅਤੇ ਉਚਿਤ ਹਨः-

(ੳ) ਭੋਂ ਗ੍ਰਹਿਣ ਐਕਟ, 1894 ( 1984 ਵਿਚ ਸੋਧਿਆ ਗਿਆ)।

(ਅ) ਪੰਜਾਬ ਮੁਜਾਰੇਦਾਰੀ ਐਕਟ, 1887।

(ੲ) ਪੰਜਾਬ ਪਿੰਡ ਸਾਂਝੀ ਭੌਂ ਸਾਮਲਾਤ (ਨਿਯਮ ) ਐਕਟ 1961।

(ਸ) ਪੰਜਾਬ ਲੋਕ ਸਥਾਨ ਅਤੇ ਭੋਂ (ਖਾਲੀ ਕਰਾਉਣ ਅਤੇ ਕਿਰਾਇਆ ਵਸੂਲੀ) ਐਕਟ 1997।

(ਹ) ਪੰਜਾਬ ਧਾਰਮਿਕ ਸਥਾਨ ਅਤੇ ਭੌਂ (ਖਾਲੀ ਕਰਾਉਣ ਸਬੰਧੀ ਕਿਰਾਇਆ ਵਸੂਲੀ) ਐਕਟ 1997।

(ਕ) ਵਾਤਾਵਰਣ ਸਬੰਧੀ ਰੇਲ, ਸੜਕ ਅਤੇ ਹਾਈਵੇ ਪ੍ਰਾਜੈਕਟ ਲਈ ਦਿਸ਼ਾ ਨਿਰਦੇਸ਼, ਐਸ ਓ ਈ ਐਫ, 1989

9. <u>ਆਧਾਰ ਰੇਖਾ ਜਾਣਕਾਰੀ</u>

ਪੜਤਾਲ ਅਭਿਆਸ ਅਧੀਨ ਇਕੱਠੇ ਕੀਤੇ ਗਏ ਅੰਕੜੇ ਦਰਸਾਉਂਦੇ ਹਨ ਕਿ. .ਪੀ. ਏ. ਐਚ. 671ਹਨ। ਦੇ ਪ੍ਰਾਜੈਕਟ ਅਧੀਨ ਪ੍ਰਭਾਵਿਤ ਨਿੱਜੀ ਤੌਰ ਤੇ ਤਿੰਨ ਕਿਸਮਾਂ ਅਰਥਾਤ ਕੱਚਾ, ਅੱਧਾ ਪੱਕਾ, ਅਤੇ ਪੱਕਾ ਸ਼੍ਰੇਣੀਬੱਧ ਕੀਤਾ ਗਿਆ ਹੈ। ਚਾਰ ਸੜਕਾਂ ਦੇ ਸਮੁੱਚੇ ਢਾਂਚੇ ਵਿਚ ਗ੍ਰਹਿਣ ਅਧੀਨ ਆ ਰਹੀ ਆਯੋਗ ਕਬਜਿਆਂ ਵਾਲੀ ਭੌਂ ਉੱਤੇ ਖੜੀ ਹੋਈਆਂ ਇਮਾਰਤਾਂ ਦੀ ਕੁੱਲ ਗਿਣਤੀ ਤਕਰੀਬਨ 84% ਹੈ । ਅਯੋਗ ਕਬਜਿਆਂ ਵਾਲੀ ਭੌਂ ਵਿਚੋਂ ਪੱਕੀਆਂ, ਇਮਾਰਤਾਂ ਸਭ ਤੋਂ ਵੱਧ ਗਿਣਤੀ ਵਿਚ (ਤਕਰਬੀਨ 6● ਪ੍ਰਤੀਸ਼ਤ) ਦੇ ਨਾਲ ਅਰਧ ਪੱਕੀਆਂ (29 ਪ੍ਰਤੀਸ਼ਤ) ਅਤੇ ਕੱਚੀਆਂ (ਤਕਰੀਬਨ 11ਪ੍ਰਤੀਸ਼ਤ ) ਬਣਦੀਆਂ ਹਨ। ਪ੍ਰਭਾਵਿਤ ਇਮਾਰਤਾਂ ਦੀ ਬਹੁ-ਗਿਣਤੀ ਵਿਚ ਵਪਾਰਕ ਇਮਰਤਾਂ ਦੁਕਾਨਾਂ(ਤਕਰੀਬਨ 47%) ਰਿਹਾਇਸ਼ੀ-ਕਮ-ਵਪਾਰਕ ਇਮਾਰਤਾਂ (ਤਕਰੀਬਨ 9%)। ਇਸ ਦੇ ਇਲਾਵਾ ਨਿੱਜੀ ਇਮਾਰਤਾ/ ਧਾਰਮਿਕ/ਭਾਈਚਰਿਕ/ਸਰਕਾਰੀ ;ਹਨ ਜਿਹੜੀਆਂ ਕਿ ਪ੍ਰਭਾਵਿਤ ਹੋਣਗੀਆਂ।

ਭਾਵੇਂ ਕਿ ਪ੍ਰਾਭਾਵਿਤ ਵਿਅਕਤੀਆਂ ਦੀ ਸਮਾਜ-ਆਰਥਿਕ ਹਾਲਤ ਦੇ ਸਬੰਧ ਵਿਚ ਵਿਸਤ੍ਰਿਤ ਵਿਸਲੇਸ਼ਣ ਨੂੰ ਸ਼ਾਮਿਲ ਕੀਤਾ ਗਿਆ ਹੈ, ਇਹ ਥੋੜੇ ਸਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਪ੍ਰਭਾਵਿਤ ਪੱਕੀਆਂ ਇਮਾਰਤਾਂ ਤੋਂ ਵੰਚਿਤ ਹੋਣ ਵਾਲੇ ਪ੍ਰਭਾਵਿਤ ਵਿਅਕਤੀ ਉਚ ਸ਼੍ਰੇਣੀ ਅਤੇ ਪੜ੍ਹੇ ਲਿਖੇ ਹਨ ਪੰਤੂ ਕੱਚੀਆਂ ਇਮਾਰਤਾਂ ਦੇ ਮਾਮਲੇ ਵਿਚ (ਭਾਂਵੇ ਰਹਿਾਇਸੀ ਜਾਂ ਵਪਾਰਿਕ), ਜਿਅਦਾਦਤਰ ਘੱਟ ਆਮਦਨ ਸ੍ਰੇਣੀ ਨਾਲ ਸਬੰਧ ਰੱਖਦੇ ਹਨ ਅਤੇ ਜਿਹੜੇ ਅਰਧ ਪੱਕੀ ਇਮਾਰਤਾਂ ਤੋਂ ਵੰਚਿਤ ਹੋਣ ਵਾਲੇ ਬਹੁਤ ਹੀ ਆਰਥਿਕ ਪੱਖੋਂ ਗਰੀਬ ਭਾਈਚਾਰੇ ਨਾਲ ਸਬੰਧ ਰੱਖਦੇ ਹਨ। ਇਸ ਨੂੰ ਮਹਿਸੂਸ ਕਰਦੇ ਹੋਏ ਕਿ ਪ੍ਰਾਜੈਕਟ ਦਾ ਬੁਰਾ ਪ੍ਰਭਾਵ ਨਾ ਪਵੇ, ਪ੍ਰਭਾਵਿਤ ਵਿਅਕਤੀਆਂ ਦੀ ਬੀ ਪੀ ਐਲ ਸ੍ਰੇਣੀ ਲਈ ਪਾਲਿਸੀ ਵਿਚ ਵਧੀਕ ਆਰ ਐਂਡ ਆਰ ਪਾਲਿਸੀ ਵਿਚ ਵਧੀਕ ਸਹਾਇਤਾ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ।

1●. <u>ਕਾਰਵਾਈ ਯੋਜਨਾਂ</u>

ਭੌਂ ਗ੍ਰਹਿਣ ਅਨੁਸੂਚੀ ਤਿਆਰ ਕੀਤੀ ਗਈ; ਹੈ ਅਤੇ ਪ੍ਰਾਜੈਕਟ ਨੂੰ ਅਮਲ ਵਿਚ ਲਿਆਉਣ ਲਈ ਇਸ ਨੂੰ ਦਰਜਾਬੱਧ ਤਰੀਕੇ ਨਾਲ ਉਸਾਰੀ ਅਨੁਸੂਚੀ ਨਾਲ ਜੋੜਿਆ ਜਾਵੇਗਾ। ਅਨੁਸੂਚੀ ਪ੍ਰਾਜੈਕਟ ਅਥਾਰਿਟੀਨਾਲ ਵਿਚਾਰ-ਵਟਾਂਦਰਾ ਕਰਕੇ ਸਟੱਡੀ ਟੀਮ ਵੱਲੋਂ ਤਿਆਰ ਕੀਤੀ ਗਈ ਹੈ, ਐਪਰ ਭੌਂ ਗ੍ਰਹਿਣ ਕਰਨ ਦੀ ਮੁੱਢਲੀ ਜਿੰਮੇਵਾਰੀ ਪ੍ਰਾਜੈਕਟ ਅਥਾਰਿਟੀ ਦੀ ਹੋਵਗੀ।

ਵੇਰਵਿਆਂ ਅਨੁਸਾਰ ਭੌਂ ਗ੍ਰਹਿਣ ਯੋਜਨਾਂ(ਐਲ ਪੀ ਏ) ਇੱਕ ਪਲਾਟ ਦਾ ਵੇਰਵਾ ਦਿੰਦੇ ਹੋਏਜਿਵੇਂ ਕਿ ਪ੍ਰਭਾਵਿਤ ਭੌਂ ਦਾ ਪਲਾਟ ਨੰ: ਕੁੱਲ ਰਕਬਾ, ਕੁੱਲ ਪ੍ਰਭਾਵਿਤ ਭੋ ਦੀ ਪ੍ਰਤੀਸ.ਤਤਾ ਭੌਂ ਦੀ ਕਿਸਮ, ਮੌਜੂਦਾ ਭੌਂ ਦਾ ਇਸਤੇਮਾਲ ਆਦਿ ਮਾਲੀਏ ਦੇ ਨਕਸੇ ਸਮੇਤ ( ਸੱਜਰਾ ਨਕਸਾ) ਪ੍ਰਾਜੈਕਟ ਅਥਾਰਿਟੀ ਦੁਆਰਾ ਤਿਆਰ ਕੀਤਾ ਗਿਆ ਹੈ।

ਜਿਵੇਂ ਕਿ ਪ੍ਰਾਜੈਕਟ ਦੁਆਰਾ ਕਰਨ ਵਾਲਾ ਮੁੜ ਵਸੇਬਾ ਇਕ ਪਸਾਰੀ ਹੈ, ਵਿਕਾਸ ਲਈ ਭਾਏਚਾਰੇ ਦੇ ਮੁੜ –ਵਸੇਬੇ ਦੀ ਥਾਂ ਦੀ ਜਰੂਰਤ ਵੱਡੇ ਪੈਮਾਨੇ ਤੇ ਨਹੀ ਪਵੇਗੀ। ਪੀ ਏ ਪੀਜ ਨਾਲ ਵਿਚਾਰ ਵਟਾਂਦਰਾ ਸੰਕੇਤ ਕਰਦਾ ਹੈ ਕਿ ਵੰਚਿਤ ਕੀਤੇ ਗਏ ਪਰਿਵਾਰਾਂ, ਖਾਸ ਤੌਰ ਤੇ ਉਹ ਜਿਹੜੇ ਕਿ ਵਪਾਰਿਕ ਢਾਂਚੇ ਨੂੰ ਗਵਾ ਬੈਠੇ ਹਨ ਨੇ ਆਪਣੀ ਮੌਜੂਦਾ ਥਾਂ ਦੇ ਨੇੜੇ ਰਹਿਣ ਵਿਚ ਇਛਾ ਜਾਹਰ ਕੀਤੀ ਹੈ ਅਤੇ ਇਸ ਕਰਕੇ ਆਪਣੇ ਸਥਾਨਾ ਤੋਂ ਬਹੁਤ ਦੂਰ ਜਾਣਾ ਨਹੀਂ ਚਾਹੁੰਦੇ।

ਪ੍ਰਾਜੈਕਟ ਦੇ ਤੇਜੀ ਨਾਲ ਅਤੇ ਠੀਕ ਠਾਕ ਲਾਗੂ ਹੋਣ ਲਈ, ਪੀ ਐਸ.ਆਰ.ਐਸ.ਪੀ. ਦੁਆਰਾ ਉਚਿਤ ਸੰਸਥਾਗਤ ਅਤੇ ਮੁੜ ਵਸੇਬਾ ਯੋਜਨਾਂ (ਆਰ ਏ ਪੀ) ਨੂੰ ਲਾਗੂ ਕਰਨ ਦੇ ਪ੍ਰਬੰਧ ਕੀਤੇ ਗਏ ਹਨ। ਸਿਵਲ ਕੰਮਾਂ ਨੂੰ ਕਰਨ, ਰਾਜ ਵਿਚ ਸੀ ਐਮ ਯੂ ਬਣਾਏ ਜਾਣਗੇ। ਹਰੇਕ ਸੀ ਐਮ ਯੂ ਦੀ ਪ੍ਰਧਾਨਗੀ ਕਰਾਜਕਾਰੀ ਇੰਜੀਨੀਅਰ ਦੇ ਅਹੁੱਦੇ ਵਿੱਚ ਅਫਸਰ ਦੁਆਰਾ ਕੀਤੀ ਜਾਵੇਗੀ, ਬਹੁਤ ਸਾਰੇ ਦੂਜੇ ਤਕਨੀਕੀ ਵਿਅਕਤੀਆਂ, ਇਕ ਸਹਾਇਕ ਆਰ ਅਤੇ ਆਰ ਅਫਸਰ, ਅਤੇ ਕੁਝ ਵਧੀਕ ਸਕੱਤਰੇਤ ਅਮਲੇ ਦੁਆਰਾ ਸਹਾਇਤਾ ਕੀਤੀ ਜਾਵੇਗੀ। ਪੰਜਾਬ ਸੜਕਾਂ ਅਤੇ ਪੁੱਲ ਵਿਕਾਸ ਬੋਰਡ ( ਪੀ ਆਰ ਬੀ ਡੀ ਬੀ) ਵਿਖੇ ਸਮਾਜਿਕ ਵਿਕਾਸ ਸੈਲ ਦੇ ਰੂਪ ਵਿਚ ਮੁੱਖ ਦਫਤਰ ਸੰਸਥਾਗਤ ਪ੍ਰਬੰਧਾਂ ਨੂੰ ਪ੍ਰਾਜੈਕਟ ਅਥਾਰਿਟੀ ਦੀ ਸਮਰੱਥਾ ਨੂੰ ਵਧਾਏਗੀ। ਉਪ ਮੰਡਲ ਕਾਰਜਕਰੀ ਇੰਜੀਨੀਅਰ ਦੇ ਅਹੁਦੇ ਦੇ ਬਰਾਬਰ ਦੇ ਅਫਸਰ ਨੂੰ ਪ੍ਰਾਜੈਕਟ ਦੇ ਪੁਨਰ-ਸਥਾਪਨ ਅਤੇ ਮੁੜ ਵਸਾਊ ਹਿਸੇ ਨੂੰ ਵੇਖਣ ਲਈ ਸਾਮਲ ਕੀਤਾ ਜਾਵੇਗਾ। ਪੀ ਐਸ ਆਰ ਐਸ ਪੀ ਅਧੀਨ ਇਕ ਸ਼ਿਕਾਇਤ ਨਿਵਾਰਨ ਕਮੇਟੀ (ਜੀ ਆਰ ਸੀ) ਦੀ ਸਥਾਪਨਾ ਕੀਤੀ ਜਾਵੇਗੀ। ਹਰ ਇਕ ਸੀ ਐਮ ਯੂ ਲਈ ਇਕ ਜੀ ਆਰ ਸੀ ਹੋਵੇਗਾ।

ਮੁੜ-ਵਸੇਬਾ ਕਾਰਵਾਈ ਯੋਜਨਾਂ ਨੂੰ ਅੱਲਗ-ਅੱਲਗ ਉਲੇਖ ਕਰਕੇ (ਮੱਦਵਾਰ) ਬਜਟ ਨੂੰ ਲਾਗੂ ਕਰਨ ਦੀ ਵਿਸਤ੍ਰਿਤ ਅਨੁਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਪੀ ਏ ਪੀ ਦੀ ਇੱਕ ਵੱਡੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਨੇ ਉਨ੍ਹਾਂ ਲਈ ਮੁੜ ਵਸੇਬਾ ਸਹਾਇਤਾ ਦੇ ਬਜਟੀ ਪ੍ਰਬੰਧ ਕੀਤੇ ਹਨ ਜੋ ਕਿ ਮਤਗਣਨਾ ਸਰਵੇ ਦੇ ਦੌਰਾਨ ਹਾਜ਼ਰ ਨਹੀਂ ਸਨ।

11. <u>ਸਾਰੀਆਂ ਚਾਰ ਸੜਕਾਂ ਲਈ ਆਰ ਏ ਪੀ ਲਈ ਬਜਟ ਦਾ ਅਨੁਮਾਨ (ਤਖਮੀਨਾ)</u>

| ਲੜੀ ਨੰ: | ਮੱਦ | ਕੁਲ ਰਕਮ ਰੁਪਿਆਂ ਵਿਚ | ਧਨ ਲਗਾਇਆ ਗਿਆ | |
|---|---|---|---|---|
| | | | ਵਿਸ਼ਵ ਬੈਂਕ (ਰੁਪਏ) | ਪੀ ਆਰ ਡੀ ਬੀ (ਰੁਪਏ) |
| (ੳ) | ਭੌਂ ਗ੍ਰਹਿਣ | 599,644,2●● | 36,464,85● | 563,179,35● |
| (ਅ) | ਢਾਂਚਾ ਮੁਆਵਜਾ (ਹੱਕਦਾਰ ਅਤੇ ਗੈਰ ਹੱਕਦਾਰ) | 1●,66●,839 | ● | 1●,66●,839 |
| (ੲ) | ਸਹਾਇਤਾ | 67,●●9,684 | 65,587,184 | 1,422,5●● |
| (ਸ) | ਕਿਰਾਏਦਾਰਾਂ ਦੀ ਸਹਾਇਤਾ | 2,●43,9●● | 1,926,9●● | 117,●●● |
| (ਹ) | ਹੋਰ ਸੰਪਤੀਆਂ | 5,295,932 | 3,279,932 | 2,●16,●●● |
| (ਕ) | ਸਿਖਲਾਈ | 1,4●●,●●● | 1,4●●,●●● | ● |

| | | | | |
|---|---|---|---|---|
| (ਖ) | ਆਰ ਏ ਪੀ ਲਾਗੂ ਕਰਨ ਲਈ ਸਹਾਇਤਾ | 3,6●●,●●● | 3,6●●,●●● | ● |
| ਕੁੱਲ | | 689,654,555 | 112,258,866 | 577,395,689 |

ਕਾਰਵਾਈ ਯੋਜਨਾ ਨੂੰ ਅੰਦਰਲੇ ਦੇ ਨਾਲੋਂ ਨਾਲ ਬਾਹਰਲੇ ਤੇ ਨਿਗਰਾਨੀ ਰੱਖਣ ਲਈ ਅਤੇ ਆਰ ਏ ਪੀ ਵਿਚ ਆਰ ਆਰ ਦੀ ਤਾਮੀਲ ਉਪਰਾਲਿਆਂ ਦਾ ਮੁੱਲਅੰਕਣ ਕਰਨ ਅਤੇ ਮੰਤਵਾਂ ਨੂੰ ਪੂਰਾ ਕਰਨ ਲਈ ਸੁਝਾਅ ਦਿੱਤੇ ਗਏ ਹਨ। ਇਕ ਬਹੁਤ ਹੀ ਪਾਰਦਰਸੀ ਸ਼ਿਕਾਇਤ ਨਿਵਾਰਨ ਮਕੈਨਿਜਮ ਦਾ ਵੀ ਸੁਝਾਅ ਇਸ ਦਸਤਾਵੇਜ ਵਿਚ ਦਿੱਤਾ ਗਿਆ ਹੈ ਜਿਥੇ ਕਿ ਪ੍ਰਭਾਵਿਤ ਲੋਕ ਆਪਣੀਆਂ ਸ਼ਿਕਾਇਤਾਂ ਨੂੰ ਬਕਾਇਦਾ ਘਟਾਉਣ ਲਈ ਅੱਗੇ ਆ ਸਕਣ।

*ਨੋਟ:- ਕਿਸੇ ਵੀ ਤਰ੍ਹਾਂ ਦੇ ਸਪੱਸ਼ਟੀਕਰਨ ਲਈ ਅੰਗ੍ਰੇਜੀ ਅਨੁਵਾਦ ਨੂੰ ਵੇਖਿਆ ਜਾਵੇ ਜੀ।*